# ਫੈਸ਼ਨ ਕਾਰੋਬਾਰ ਦਾ ਵਿਸਥਾਰ ਕਰਦੇ ਹੋਏ ਫਲਿੱਪਕਾਰਟ ਹੋਲਸੇਲ ਨੇ ਅਗਾਮੀ ਤਿਉਹਾਰਾਂ ਲਈ ਲਾਂਚ ਕੀਤੀ ਜਨਰਲ ਮਰਚੈਂਡਾਈਜ ਤੇ ਹੋਮ ਕੈਟੇਗਿਰੀ

- ਫਲਿੱਪਕਾਰਟ ਹੋਲਸੇਲ ਦਾ ਟੀਚਾ ਹੈ ਭਾਰਤ ਦੇ 24 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ 1350 ਨਾਲੋਂ ਜਿਆਦਾ ਸ਼ਹਿਰਾਂ ਅਤੇ 8000 ਪਿਨਕੋਡ ਤੇ ਕਰਿਆਨਾ ਅਤੇ ਜਨਰਲ ਮਰਚੈਂਡਾਈਜ ਵਿਕ੍ਰੇਤਾਵਾਂ ਨੂੰ ਸੇਵਾਵਾਂ ਦੇਣਾ।
- ਫਲਿੱਪਕਾਰਟ ਹੋਲਸੇਲ ਦੇ ਪਲੇਟਫਾਰਮ ਤੇ ਜਨਰਲ ਮਰਚੈਂਡਾਈਜ ਦੇ ਤਹਿਤ 24,000 ਨਾਲੋਂ ਜਿਆਦਾ ਉਤਪਾਦ ਉਪਲਬਧ ਹੋਣਗੇ।
- ਫੈਸ਼ਨ ਉਤਪਾਦਾਂ ਦਾ ਵਿਸਥਾਰ ਹੁਣ 1100 ਨਾਲੋਂ ਜਿਆਦਾ ਸ਼ਹਿਰਾਂ ਅਤੇ 7000 ਨਾਲੋਂ ਜਿਆਦਾ ਪਿਨਕੋਡ ਤੱਕ ਹੋਵੇਗਾ।

ਬੰਗਲੌਰ, 23 ਸਤੰਬਰ, 2021 : ਭਾਰਤ ਵਿਚ ਵਿਕਸਿਤ ਫਲਿੱਪਕਾਰਟ ਗਰੁੱਪ ਦੇ ਡਿਜੀਟਲ ਬੀ2ਬੀ ਮਾਰਕੀਟ ਪਲੇਸ ਫਲਿੱਪਕਾਰਟ ਹੋਲਸੇਲ ਨੇ ਆਪਣੇ ਪਲੇਟਫਾਰਮ ਤੇ ਜਨਰਲ ਮਰਚੈਂਡਾਈਜ ਸ਼੍ਰੇਣੀ ਲਾਂਚ ਕਰਨ ਦੀ ਘੋਸ਼ਣਾ ਕੀਤੀ ਹੈ। ਆਪਣੀ ਐਪ ਤੇ ਜਨਰਲ ਮਰਚੈਂਡਾਈਜ ਉਤਪਾਦ ਸ਼ਾਮਲ ਕਰਨ ਦੇ ਬਾਅ ਫਲਿੱਪਕਾਰਟ ਹੋਲਸੇਲ ਸਥਾਨਕ ਭਾਰਤੀ ਵਿਨਿਰਮਾਤਾਵਾਂ ਨਾਲ ਜੁੜਨ ਦੀ ਕੋਸ਼ਿਸ਼ ਤੇਜ ਕਰ ਰਿਹਾ ਹੈ ਜਿਨ੍ਹਾਂ ਵਿਚ ਛੋਟੇ-ਵਿਚਕਾਰਲੇ-ਮੱਧਮ ਉਦਯੋਗ ਅਤੇ ਖੁਦਰਾ ਵਿਕ੍ਰੇਤਾ ਸ਼ਾਮਲ ਹਨ। ਇਨ੍ਹਾਂ ਨੂੰ ਟੈਕਨੋਲਾਜੀ ਦਾ ਲਾਭ ਤਾਂ ਮਿਲੇਗਾ ਹੀ, ਕਰਿਆਨਾ ਅਤੇ ਛੋਟੇ ਦੁਕਾਨਦਾਰਾਂ ਦੇ ਲਈ ਇਸ ਥੋਕ ਬਜਾਰ ਤੇ ਪਹਿਲਾਂ ਨਾਲੋਂ ਜਿਆਦਾ ਉਤਪਾਦ ਉਪਲਬਧ ਰਹਿਣਗੇ।

ਫਲਿੱਪਕਾਰਟ ਹੋਲਸੇਲ ਜਨਰਲ ਮਰਚੈਂਡਾਈਜ ਦੇ ਨਾਲ ਕਾਰੋਬਾਰ ਕਰਨ ਲਈ ਤਿਆਰ ਹੈ। ਇਸਦੇ ਪੋਰਟਫੋਲਿਓ ਵਿਚ 24,000 ਨਾਲੋਂ ਜਿਆਦਾ ਉਤਪਾਦ ਹਨ ਜਿਨ੍ਹਾਂ ਵਿਚ ਹੋਮ ਟੈਕਸਟਾਈਲ, ਕੁਕਵੇਅਰ, ਸਟੋਰੇਜ, ਹੋਮ ਅਸੈਸਰੀਜ, ਖਿਡੌਣੇ, ਲਗੇਜ, ਸਪੋਰਟਸ ਅਤੇ ਫਿਟਨੈਸ ਸ਼੍ਰੇਣੀਆਂ ਸ਼ਾਮਲ ਹਨ। ਇਹ ਸ਼੍ਰੇਣੀਆਂ ਆਂਧਰਾ ਪ੍ਰਦੇਸ਼, ਅਸਮ, ਬਿਹਾਰ, ਛੱਤੀਸਗੜ੍ਹ, ਦਮਨ ਅਤੇ ਦਿਊ, ਗੋਆ, ਗੁਜਰਾਤ, ਝਾਰਖੰਡ, ਕਰਨਾਟਕ, ਕੇਰਲ, ਮੱਧ ਪ੍ਰਦੇਸ਼, ਮਹਾਰਾਸ਼ਟਰ, ਮਣੀਪੁਰ, ਮਿਜ਼ੋਰਮ, ਨਗਾਲੈਂਡ, ਓਡਿਸ਼ਾ, ਪਾਂਡੀਚੇਰੀ, ਰਾਜਸਥਾਨ, ਸਿੱਕਿਮ, ਤਾਮਿਲਨਾਡੂ, ਤੇਲੰਗਾਨਾ, ਤ੍ਰਿਪੁਰਾ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਦੇ ਕਰਿਆਨਾ ਅਤੇ ਰਿਟੇਲਰਾਂ ਨੂੰ ਉਪਲਬਧ ਹੋਵੇਗੀ।

ਇਹ ਪਲੇਟਫਾਰਮ ਇਨ੍ਹਾਂ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 1350 ਨਾਲੋਂ ਜਿਆਦਾ ਸ਼ਹਿਰਾਂ ਅਤੇ 8000 ਪਿਨਕੋਡਾਂ ਤੇ ਗ੍ਰਾਹਕਾਂ ਤੱਕ ਇਹ ਉਤਪਾਦ ਪਹੁੰਚਾਏਗਾ। ਇਨ੍ਹਾਂ ਉਤਪਾਦਾਂ ਨੂੰ ਅਹਿਮਦਾਬਾਦ, ਦਿੱਲੀ, ਜੈਪੁਰ, ਜਲੰਧਰ, ਲੁਧਿਆਣਾ, ਮੇਰਠ, ਪਾਣੀਪਤ, ਰਾਜਕੋਟ, ਸੂਰਤ ਅਤੇ ਤਿਰੂਪੁਰ ਦੇ ਬਿਹਤਰੀਨ ਵਿਨਿਰਮਾਤਾਵਾਂ ਤੋਂ ਪ੍ਰਾਪਤ ਕੀਤਾ ਗਿਆ ਹੈ। ਅਗਲੇ 6 ਮਹੀਨਿਆਂ ਵਿਚ ਇਹ ਪਲੇਟਫਾਰਮ 55,000 ਵਸਤੂਆਂ ਹੋਰ ਜੋੜੇਗਾ ਅਤੇ ਅੱਗੇ ਦੇ ਲਈ ਇਹ ਵੀ ਟੀਚਾ ਹੈ ਕਿ 1000 ਵਿਕ੍ਰੇਤਾਵਾਂ ਨੂੰ ਜੋੜ ਕੇ ਸਪਲਾਇਰ ਈਕੋਸਿਸਟਮ ਨੂੰ ਮਜਬੂਤ ਕੀਤਾ ਜਾਵੇ।

ਫਲਿੱਪਕਾਰਟ ਹੋਲਸੇਲ ਦੇ ਸੀਨੀਅਰ ਵਾਈਸ ਪ੍ਰੈਜੀਡੈਂਟ ਅਤੇ ਹੈਡ ਆਦਰਸ਼ ਮੈਨਨ ਨੇ ਕਿਹਾ, 'ਵਿਸਥਾਰ ਦੀ ਸਾਡੀ ਘੋਸ਼ਣਾ ਇਹ ਸਾਬਤ ਕਰਦੀ ਹੈ ਕਿ ਅਸੀਂ ਰਿਟੇਲਰਾਂ, ਛੋਟੇ ਕਾਰੋਬਾਰਾਂ ਅਤੇ ਕਰਿਆਨਾ ਦੀ ਕਾਮਯਾਬੀ ਦੇ ਲਈ ਲਗਾਤਰ ਸਮਰਪਿਤ ਹਾਂ। ਟੈਕਨੋਲਾਜੀ ਵਿਚ ਆਪਣੀਆਂ ਮਜਬੂਤ ਸਮਰੱਥਾਵਾਂ ਦੀ ਵਰਤੋਂ ਕਰਦੇ ਹੋਏ ਅਸੀਂ ਛੋਟੇ ਕਾਰੋਬਾਰਾਂ ਨੂੰ ਵਧੀਆ ਕੀਮਤ ਤੇ ਉਤਪਾਦਾਂ ਦੀ ਵਿਸਤਰਿਤ ਰੇਂਜ ਉਪਲਬਧ ਕਰਵਾਈ ਹੈ

ਅਤੇ ਉਨ੍ਹਾਂ ਦੇ ਵਾਧੇ ਵਿਚ ਸਫਲਤਾਪੂਰਵਕ ਯੋਗਦਾਨ ਦਿੱਤਾ ਹੈ। ਅਸੀਂ ਹੋਰ ਜਿਆਦਾ ਸ਼੍ਰੇਣੀਆਂ ਜੋੜ ਕੇ ਆਪਣੀਆਂ ਸੇਵਾਵਾਂ ਨੂੰ ਹੋਰ ਜਿਆਦਾ ਪੁਖਤਾ ਕਰ ਰਹੇ ਹਾਂ, ਅਸੀਂ ਮਹੱਤਵਪੂਰਣ ਇਨਫ੍ਰਾਸਟ੍ਰਕਚਰ ਬਣਾਇਆ ਹੈ ਅਤੇ ਪਰਿਚਾਲਨ ਨੂੰ ਮਜਬੂਤ ਕੀਤਾ ਹੈ। ਟੈਕਨੋਲਾਜੀ ਦੀ ਮਦਦ ਨਾਲ ਅਤੇ ਸਹੀ ਨਿਵੇਸ਼ ਕਰਦੇ ਹੋਏ ਅਸੀਂ ਲਘੂ ਵਪਾਰ ਅਤੇ ਕਰਿਆਨਾ ਦੀਆਂ ਜਿੰਦਗੀਆਂ ਅਸਾਨ ਬਣਾਉਣਾ ਜਾਰੀ ਰੱਖਾਂਗੇ ਅਤੇ ਉਨ੍ਹਾਂ ਦੇ ਕਾਰੋਬਾਰ ਨੂੰ ਹੋਰ ਜਿਆਦਾ ਮੁਨਾਫੇ ਵਾਲਾ ਬਣਾਉਣ ਵਿਚ ਮਦਦਗਾਰ ਬਣਾਂਗੇ।'

ਜਨਰਲ ਮਰਚੈਂਡਾਈਜ ਦਾ ਬਜਾਰ ਵਿੱਖਰਿਆ ਹੋਇਆ ਹੈ ਅਤੇ ਹਾਈ ਕੁਆਲਿਟੀ ਬ੍ਰਾਂਡਾਂ ਅਤੇ ਉਤਪਾਦਾਂ ਤੱਕ ਰਿਟੇਲਰਾਂ ਦੀ ਬਹੁਤ ਸੀਮਿਤ ਪਹੁੰਚ ਹੁੰਦੀ ਹੈ ਜਿਸਦੇ ਕਾਰਨ ਉਨ੍ਹਾਂ ਦੇ ਕੋਲ ਬਹੁਤ ਘੱਟ ਉਤਪਾਦ ਉਪਲਬਧ ਹੋ ਪਾਉਂਦੇ ਹਨ। ਇੱਕ ਕੇਂਦਰਿਤ ਸਪਲਾਇਰ ਈਕੋਸਿਸਟਮ ਹੋਣ ਨਾਲ ਵਿਨਿਰਮਾਤਾਵਾਂ ਦੀ ਪਹੁੰਚ ਪੂਰੇ ਦੇਸ਼ ਦੇ ਖਰੀਦਦਾਰਾਂ ਤੱਕ ਹੋ ਜਾਂਦੀ ਹੈ। ਫਲਿੱਪਕਾਰਟ ਹੋਲਸੇਲ ਨੇ ਇਸ ਕਾਰੋਬਾਰ ਵਿਚ ਉਤਰਣ ਦੇ ਬਾਅਦ ਇਸ ਸ਼੍ਰੇਣੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਟੀਚਾ ਰੱਖਿਆ ਹੈ। ਕੰਪਨੀ ਨੇ ਕਾਰੋਬਾਰ ਨੂੰ ਅਸਾਨ ਬਣਾਇਆ ਹੈ, ਉਹ ਵਿਨਿਰਮਾਤਾਵਾਂ ਦੀ ਪਹੁੰਚ ਵਧਾ ਰਹੀ ਹੈ ਅਤੇ ਗ੍ਰਾਹਕਾਂ ਦੇ ਲਈ ਹਾਈ ਕੁਆਲਿਟੀ ਉਤਪਾਦ ਅਤੇ ਸੁਵਿਧਾ ਸੰਭਵ ਕਰ ਰਹੀ ਹੈ।

ਫਲਿੱਪਕਾਰਟ ਹੋਲਸੇਲ ਪੂਰੇ ਭਾਰਤ ਵਿਚ ਆਪਣੀ ਫੈਸ਼ਨ ਸ਼੍ਰੇਣੀ ਦਾ ਵੀ ਵਿਸਥਾਰ ਕਰ ਰਹੀ ਹੈ ਅਤੇ ਹੁਣ ਫੈਸ਼ਨ ਉਤਪਾਦ 1100 ਨਾਲੋਂ ਜਿਆਦਾ ਨਵੇਂ ਸ਼ਹਿਰਾਂ ਅਤੇ 7000 ਨਾਲੋਂ ਜਿਆਦਾ ਪਿਨਕੋਡ ਤੇ ਉਪਲਬਧ ਹੋਣਗੇ। ਇਹ ਕਦਮ ਅਗਾਮੀ ਤਿਉਹਾਰੀ ਮੌਸਮ ਨੂੰ ਦੇਖਦੇ ਹੋਏ ਚੁੱਕਿਆ ਗਿਆ ਹੈ। ਹੁਣ ਇਨ੍ਹਾਂ ਸ਼ਹਿਰਾਂ ਦੇ ਫੈਸ਼ਨ ਰਿਟੇਲਰ ਫਲਿੱਪਕਾਰਟ ਐਡਵਾਂਟੇਜ ਦਾ ਅਨੁਭਵ ਲੈ ਸਕਦੇ ਹਨ ਅਤੇ ਇਸ ਪਲੇਟਫਾਰਮ ਤੇ ਆਰਡਰ ਕੀਤੇ ਗਏ ਕੱਪੜਿਆਂ ਅਤੇ ਫੁੱਟਵੀਅਰ ਦੇ ਬਿਹਤਰ ਮਾਰਜਿਨ ਦਾ ਲਾਭ ਵੀ ਉਨ੍ਹਾਂ ਨੂੰ ਮਿਲੇਗਾ। ਫਲਿੱਪਕਾਰਟ ਹੋਲਸੇਲ ਨੇ ਈ-ਕਾਮਰਸ ਦੇ ਜਰੀਏ ਜਬਰਦਸਤ ਵਾਧਾ ਦਰਜ ਕੀਤਾ ਹੈ। 29,000 ਨਾਲੋਂ ਵੀ ਜਿਆਦਾ ਫੈਸ਼ਨ ਰਿਟੇਲਰ ਆਨਬੋਰਡ ਹਨ ਜਿਨ੍ਹਾਂ ਨੂੰ 950 ਵਿਕ੍ਰੇਤਾ ਉਤਪਾਦ ਵੇਚ ਰਹੇ ਹਨ, ਜਿਨ੍ਹਾਂ ਵਿਚ ਜਿਆਦਾਤਰ ਪਹਿਲਾ ਚਿਹਰਾ ਵਿਨਿਰਮਾਤਾ ਹਨ ਜਿਹੜੇ ਦੇਸ਼ ਦੇ ਵੱਡੇ ਫੈਸ਼ਨ ਕੇਂਦਰਾਂ ਵਿਚ ਸਥਿੱਤ ਹਨ। ਆਉਣ ਵਾਲੇ ਮਹੀਨਿਆਂ ਵਿਚ ਫਲਿੱਪਕਾਰਟ ਹੋਲਸੇਲ ਦਾ ਮਕਸਦ ਇਸ ਗਿਣਤੀ ਨੂੰ 2000 ਨਾਲੋਂ ਜਿਆਦਾ ਵਿਕ੍ਰੇਤਾਵਾਂ ਅਤੇ ਵਿਨਿਰਮਾਤਾਵਾਂ ਤੱਕ ਪਹੁੰਚਾਉਣਾ ਹੈ ਜਿਹੜੇ ਕੱਪੜਿਆਂ ਅਤੇ ਫੁੱਟਵੀਅਰ ਦੇ ਲਈ ਮਸ਼ਹੂਰ ਸ਼ਹਿਰਾਂ ਤੋਂ ਹੋਣਗੇ ਜਿਵੇਂ ਆਗਰਾ, ਅਹਿਮਦਾਬਾਦ, ਬੰਗਲੌਰ, ਦਿੱਲੀ, ਹੈਦਰਾਬਾਦ, ਇੰਦੌਰ, ਜੈਪੁਰ, ਜਲੰਧਰ, ਕਾਂਚੀਪੁਰਮ, ਕਾਨਪੁਰ, ਕਲਕੱਤਾ, ਲੁਧਿਆਣਾ, ਲਖਨਊ, ਸੂਰਤ, ਤਿਰੁਪੁਰ ਅਤੇ ਵਾਰਾਨਸੀ।

ਫਲਿੱਪਕਾਰਟ ਹੋਲਸੇਲ ਨੂੰ 2020 ਵਿਚ ਲਾਂਚ ਕੀਤਾ ਸੀ ਅਤੇ ਉਦੋਂ ਇਹ ਬੰਗਲੌਰ, ਬਿਹਾਰ, ਦਿੱਲੀ, ਗੁੜਗਾਓਂ ਅਤੇ ਮੁੰਬਈ ਦੇ ਰਿਟੇਲਰਾਂ ਅਤੇ ਛੋਟੇ ਕਾਰੋਬਾਰਾਂ ਨੂੰ ਫੈਸ਼ਨ ਸ਼੍ਰੇਣੀ ਵਿਚ ਉਪਲਬਧ ਉਪਲਬਧ ਕਰਵਾਉਂਦਾ ਸੀ, ਪਰ ਹੁਣ ਇਹ ਨਵੇਂ ਕਲਸਟਰਾਂ ਤੱਕ ਆਪਣੀ ਪਹੁੰਚ ਦਾ ਵਿਸਥਾਰ ਕਰ ਰਿਹਾ ਹੈ।

ਫਲਿੱਪਕਾਰਟ ਹੋਲਸੇਲ ਰਿਟੇਲ ਈਕੋਸਿਸਟਮ ਦੇ ਲਈ ਵਨ ਸਟਾਪ ਸਾਲਿਊਸ਼ਨ ਹੈ ਜਿਹੜਾ ਕਿਫਾਇਤੀ ਕੀਮਤ ਤੇ ਉਤਪਾਦਾਂ ਦੀ ਵਿਸਤਰਿਤ ਰੇਂਜ ਉਪਲਬਧ ਕਰਵਾਉਂਦਾ ਹੈ। ਟੈਕਨੋਲਾਜੀ ਨੂੰ ਪਹਿਲ ਦੇਣ ਦੇ ਨਜਰੀਏ ਨਾਲ ਵਪਾਰਾਂ ਨੂੰ ਲਾਭ ਮਿਲਿਆ ਹੈ ਅਤੇ ਉਨ੍ਹਾਂ ਨੂੰ ਉੱਨਤੀ ਤੇ ਰਾਹ ਤੇ ਅੱਗੇ ਵਧਣ ਵਿਚ ਮਦਦ ਮਿਲੀ ਹੈ। ਲਾਂਚ ਦੇ ਬਾਅਦ ਅਲਗ ਸਮੇਂ ਵਿਚ ਫਲਿੱਪਕਾਰਟ ਹੋਲਸੇਲ ਨੇ ਆਪਣੀ ਪਹੁੰਚ ਤੇਜੀ ਨਾਲ ਵਧਾਈ ਹੈ ਅਤੇ ਦੇਸ਼ ਦੇ ਵੱਡੇ-ਛੋਟੇ ਸ਼ਹਿਰਾਂ ਦੇ ਕਰਿਆਨਾ ਅਤੇ ਐਮਐਸਐਮਈ ਨੂੰ ਇਹ ਸੇਵਾਵਾਂ ਦੇ ਰਿਹਾ ਹੈ। ਫੈਸ਼ਨ, ਕਰਿਆਨਾ ਅਤੇ ਹੁਣ ਜਨਰਲ ਮਰਚੈਂਡਾਈਜ ਦਾ ਸਮਾਨ ਇਸ ਪਲੇਟਫਾਰਮ ਤੋਂ ਮੁਹੱਈਆ ਕਰਵਾਇਆ ਜਾ ਰਿਹਾ ਹੈ।

ਫਲਿੱਪਕਾਰਟ ਹੋਲਸੇਲ ਫਲਿੱਪਕਾਰਟ ਗਰੁੱਪ ਦੇ ਅਨੁਭਵ ਦੀ ਵਰਤੋਂ ਕਰਦਾ ਹੈ, ਉਦਯੋਗ ਦੀ ਸਮਝ ਅਤੇ ਡਿਜੀਟਲ ਕਾਬਲੀਅਤ ਨਾਲ ਕਰਿਆਨਾ ਅਤੇ ਰਿਟੇਲਰਾਂ ਨੂੰ ਬਿਹਤਰ ਸੇਵਾ ਦੇਣ ਵਿਚ ਮਦਦ ਮਿਲਦੀ ਹੈ। ਹੁਣ ਕਾਰੋਬਾਰੀ ਵਧਦੀ ਗਿਣਤੀ ਵਿਚ ਈਕਾਮਰਸ ਨੂੰ ਅਪਣਾ ਰਹੇ ਹਨ ਅਤੇ ਇਹ ਖਰੀਦਦਾਰਾਂ ਦੇ ਲਈ ਉਨ੍ਹਾਂ ਦਾ ਪਸੰਦੀਦਾ ਮਾਧਿਅਮ ਬਣਦਾ ਜਾ ਰਿਹਾ ਹੈ। ਫਲਿੱਪਕਾਰਟ ਹੋਲੇਸਲ ਦੇਸ਼ ਵਿਚ ਆਪਦੇ 15 ਲੱਖ ਨਾਲੋਂ ਜਿਆਦਾ ਮੈਂਬਰਾਂ ਨੂੰ ਸੇਵਾਵਾਂ ਦੇ ਰਿਹਾ ਹੈ ਜਿਨ੍ਹਾਂ ਵਿਚ ਕਰਿਆਨਾ, ਹੋਰੇਕਾ (ਹੋਟਲ, ਰੈਸਟੋਰੈਂਟ ਅਤੇ ਕੈਫੇਟੇਰੀਆ) ਅਤੇ ਓ ਐਂਡ ਆਈ (ਦਫ਼ਤਰ ਅਤੇ ਸੰਸਥਾਨ) ਸ਼ਾਮਲ ਹਨ।

**ਫਲਿੱਪਕਾਰਟ ਗਰੁੱਪ ਦੇ ਬਾਰੇ ਵਿਚ:**

ਫਲਿੱਪਕਾਰਟ ਗਰੁੱਪ ਭਾਰਤ ਦੇ ਮੋਹਰੀ ਡਿਜੀਟਲ ਕਾਮਰਸ ਸਮੂਹਾਂ ਵਿਚੋਂ ਇੱਕ ਹੈ ਅਤੇ ਇਸਦੀ ਗਰੁੱਪ ਕੰਪਨੀਆਂ ਵਿਚ ਸ਼ਾਮਲ ਹਨ - ਫਲਿੱਪਕਾਰਟ, ਮਿੰਤਰਾ, ਫਲਿੱਪਕਾਰਟ ਹੋਲਸੇਲ ਅਤੇ ਕਲੀਯਰਟ੍ਰਿਪ। ਇਹ ਗਰੁੱਪ ਭਾਰਤ ਦੇ ਮੋਹਰੀ ਭੁਗਤਾਨ ਐਪਸ ਵਿਚੋਂ ਇੱਕ ਫੋਨਪੇ ਦਾ ਬਹੁਲਾਂਸ਼ ਸ਼ੇਅਰ ਧਾਰਕ ਵੀ ਹੈ।

ਸਾਲ 2007 ਵਿਚ ਸ਼ੁਰੂ ਹੋਈ ਫਲਿੱਪਕਾਰਟ ਨੇ ਲੱਖਾਂ ਗ੍ਰਾਹਕਾਂ, ਵਿਕ੍ਰੇਤਾਵਾਂ, ਵਪਾਰੀਆਂ ਅਤੇ ਲਘੂ ਕਾਰੋਬਾਰਾਂ ਨੂੰ ਇਸ ਕਾਬਲ ਬਣਾਇਆ ਕਿ ਉਹ ਭਾਰਤ ਦੀ ਡਿਜੀਟਲ ਕਾਮਰਸ ਕ੍ਰਾਂਤੀ ਦਾ ਹਿੱਸਾ ਬਣ ਸਕਣ। 35 ਕਰੋੜ ਵਰਤੋਂ ਕਰਨ ਵਾਲਿਆਂ ਵਾਲਾ ਫਲਿੱਪਕਾਰਟ 80 ਨਾਲੋਂ ਜਿਆਦਾ ਸ਼੍ਰੇਣੀਆਂ ਵਿਚ 15 ਕਰੋੜ ਰੁਪਏ ਨਾਲੋਂ ਵੀ ਜਿਆਦਾ ਉਤਪਾਦ ਪੇਸ਼ ਕਰਦਾ ਹੈ। ਭਾਰਤ ਵਿਚ ਕਾਮਰਸ ਨੂੰ ਜਨ-ਜਨ ਤੱਕ ਪਹੁੰਚਾਉਣ, ਪਹੁੰਚ ਅਤੇ ਵਹਨੀਅਤਾ ਨੂੰ ਅੱਗੇ ਵਧਾਉਣ, ਗ੍ਰਾਹਕਾਂ ਨੂੰ ਖੁਸ਼ ਕਰਨ, ਲੱਖਾਂ ਰੁਜਗਾਰ ਪੈਦਾ ਕਰਨ, ਉਦਮੀਆਂ ਦੀਆਂ ਪੀੜ੍ਹੀਟਾਂ ਅਤੇ ਐਮਐਸਐਮਈ ਨੂੰ ਕਾਮਯਾਬ ਕਰਨ ਵਾਲੇ ਕਦਮਾਂ ਨਾਲ ਸਾਨੂੰ ਜਿਹੜੀ ਸਫਲਤਾ ਹਾਸਲ ਹੋਈ ਉਸ ਨਾਲ ਸਾਨੂੰ ਅਜਿਹੀਆਂ ਚੀਜਾਂ ਇਨੋਵੇਟ ਕਰਨ ਵਿਚ ਮਦਦ ਮਿਲੀ ਜਿਹੜੀਆਂ ਇਸ ਉਦਯੋਗ ਵਿਚ ਪਹਿਲੀ ਵਾਰ ਹੋਈਆਂ ਹਨ। ਫਲਿੱਪਕਾਰਟ ਨੂੰ ਕੈਸ਼ ਆਨ ਡਿਲੀਵਰੀ, ਨੋ ਕਾਸਟ ਈਐਮਆਈ ਅਤੇ ਇਜੀ ਰਿਟਰਨ ਜਿਹੀਆਂ ਗ੍ਰਾਹਕ ਕੇਂਦਰਿਤ ਪਹਿਲਾਂ ਦੇ ਲਈ ਜਾਣਿਆ ਜਾਂਦਾ ਹੈ ਜਿਨ੍ਹਾਂ ਨੂੰ ਕਰੋੜਾਂ ਭਾਰਤੀਆਂ ਦੇ ਲਈ ਆਨਲਾਈਨ ਸ਼ਾਪਿੰਗ ਨੂੰ ਜਿਆਦਾ ਪਹੁੰਚਯੋਗ ਅਤੇ ਕਿਫਾਇਤੀ ਬਣਾ ਦਿੱਤਾ। ਆਪਣੀਆਂ ਗਰੁੱਪ ਕੰਪਨੀਆਂ ਦੇ ਨਾਲ ਫਲਿੱਪਕਾਰਟ ਟੈਕਨੋਲਾਜੀ ਦੇ ਮਾਧਿਅਮ ਨਾਲ ਦੇਸ਼ ਵਿਚ ਕਾਰੋਬਾਰ ਦੇ ਤਰੀਕੇ ਨੂੰ ਬਦਲਣ ਦੇ ਲਈ ਵਚਨਬੱਧ ਹੈ।

ਜਿਆਦਾ ਜਾਣਕਾਰੀ ਦੇ ਲਈ ਕ੍ਰਿਪਾ ਕਰਕੇ ਲਿਖੋ: media@flipkart.com